ਗੱਸੀ ਖੋਲ੍ਹ ਵਗਾਵਾਂ
ਤੇ ਜੀਊਣਾ ਚਾਹਵਾਂ ।

ਕਿਹੜਾ ਹੈ ਕੋਈ ਜੇਰਾ
ਜਿਹੜਾ ਨਾ ਅਜ਼ਮਾਵਾਂ !
ਨਵੀਂ ਕਾਢ ਨੂੰ ਚੁੰਮਾਂ
ਰੋਕਟ ਦੇ ਵਿਚ ਬੈਠਾ
ਕੱਲ ਮੁਕੱਲਾ ਘੁੰਮਾਂ
ਨੀਲਾ ਅੰਬਰ ਤੱਕਾਂ
ਲੱਖ ਸਿਤਾਰੇ ਛੋਹਵਾਂ

ਖੀਵਾ ਬਉਰਾ ਹੋਵਾਂ
ਮੈਂ ਜੀਵਾਂ,
ਮੈਂ ਥੀਵਾਂ
ਤੇ ਬਉਰਾਨੀ ਮਸਤੀ
ਘੁੱਟਾਂ ਦੇ ਵਿਚ ਪੀਵਾਂ ।

ਇਸ ਮੇਰੇ ਵਿਸ਼ਵਾਸ ਦਾ
ਕਿਣਕਾ ਵੀ ਜੇ ਖੋਹਵੇਂ
ਭੋਰਾ ਕਦੇ ਚੁਰਾਵੇਂ
ਦਿਲ ਦੇ ਜ਼ਖ਼ਮੀ ਵਾਂਗੂੰ
ਜ਼ਖ਼ਮੀ ਚੀਤੇ ਵਾਂਗੂੰ
ਮੈਂ ਚਿੰਘਾੜ ਪਵਾਂਗਾ